Tel: 604.596.7733
www.surreyschools.ca

# ਨਸ਼ਿਆਂ ਦੀ ਵਰਤੋਂ ਨਾਲ ਸੰਬੰਧਤ ਸੰਪਰਕ ਦਾ ਪ੍ਰੋਗਰਾਮ

## ਮਿਸ਼ਨ ਬਾਰੇ ਬਿਆਨ

ਸਾਰੇ ਜ਼ਿਲ੍ਹੇ ਵਿੱਚ ਡਰੱਗਾਂ ਅਤੇ ਸ਼ਰਾਬ ਬਾਰੇ ਇਕਸਾਰ ਅਤੇ ਢੁੱਕਵੀਆਂ ਸੇਵਾਵਾਂ ਦੇਣਾ, ਸਿਹਤਮੰਦ ਫੈਸਲੇ ਕਰਨ ਅਤੇ ਭਲਾਈ ਨੂੰ ਸਮਰਥਨ ਦੇਣਾ ਅਤੇ ਉਤਸ਼ਾਹਿਤ ਕਰਨਾ।

## ਪ੍ਰੋਗਰਾਮ ਦੀਆਂ ਸੇਵਾਵਾਂ

ਨਸ਼ਿਆਂ ਦੀ ਵਰਤੋਂ ਨਾਲ ਸੰਬੰਧਤ ਸੰਪਰਕ ਦਾ ਪ੍ਰੋਗਰਾਮ (ਸਬਸਟਾਂਸ ਯੂਜ਼ ਲਾਇਜ਼ੈਨ (ਐੱਸ ਯੂ ਐੱਲ) ਪ੍ਰੋਗਰਾਮ) ਗੱਲਬਾਤ ਦੇ ਵਧੀਆ ਢੰਗਾਂ ਦੀ ਵਰਤੋਂ ਕਰਦਿਆਂ ਨਸ਼ਿਆਂ ਦੀ ਵਰਤੋਂ ਦੇ ਵਿਸ਼ੇ ਨਾਲ ਅਰਥਭਰਪੂਰ ਢੰਗ ਨਾਲ ਨਿਪਟਣ ਲਈ *ਸੁਰੱਖਿਅਤ ਸਕੂਲਾਂ (ਸੇਫ ਸਕੂਲਜ਼)* ਦਾ ਇਕ ਉੱਦਮ ਹੈ। ਨਸ਼ਿਆਂ ਦੀ ਵਰਤੋਂ ਨਾਲ ਸੰਬੰਧਤ ਸੰਪਰਕ ਦੇ ਪ੍ਰੋਗਰਾਮ ਦੀਆਂ ਸੇਵਾਵਾਂ ਸਿੱਖਿਆ, ਰੋਕਥਾਮ ਕਰਨ ਦੇ ਸਾਧਨ ਅਤੇ ਅਗੇਤੀ ਦਖਲਅੰਦਾਜ਼ੀ ਪ੍ਰਦਾਨ ਕਰਨ ਦਾ ਯਤਨ ਕਰਦੀਆਂ ਹਨ। ਟੀਮ ਹਾਂ-ਪੱਖੀ ਤਬਦੀਲੀ ਅਤੇ ਸਵੈ-ਮੁੱਲਾਂਕਣ ਕਰਨ ਦੀਆਂ ਜਾਚਾਂ ਦੇ ਵਿਕਾਸ ਨੂੰ ਉਤਸ਼ਾਹਿਤ ਕਰਦੀ ਹੈ ਅਤੇ ਵਿਦਿਆਰਥੀਆਂ ਅਤੇ ਉਨ੍ਹਾਂ ਦੇ ਪਰਿਵਾਰਾਂ ਦਾ ਖਾਸ ਵਸੀਲਿਆਂ ਨਾਲ ਸੰਬੰਧ ਜੋੜਦੀ ਹੈ।

ਸੇਵਾਵਾਂ ਭੇਤਦਾਰੀ ਦੀਆਂ ਸੀਮਾਵਾਂ ’ਤੇ ਨਿਰਭਰ ਹਨ।

## ਪ੍ਰੋਗਰਾਮ ਕੋਲ ਭੇਜਣਾ

ਉਨ੍ਹਾਂ ਵਿਦਿਆਰਥੀਆਂ ਨੂੰ ਨਸ਼ਿਆਂ ਦੀ ਵਰਤੋਂ ਨਾਲ ਸੰਬੰਧਤ ਸੰਪਰਕ ਦੇ ਪ੍ਰੋਗਰਾਮ ਕੋਲ ਭੇਜਿਆ ਜਾਵੇਗਾ ਅਤੇ ਉਨ੍ਹਾਂ ਲਈ ਘੱਟੋ ਘੱਟ ਤਿੰਨ ਵਾਰੀ ਇਕ ਟੀਮ ਮੈਂਬਰ ਨੂੰ ਮਿਲਣਾ ਜ਼ਰੂਰੀ ਹੋਵੇਗਾ, ਜਿਹੜੇ ਵਿਦਿਆਰਥੀਆਂ ਕੋਲੋਂ ਡਰੱਗ ਅਤੇ/ਜਾਂ ਸ਼ਰਾਬ ਮਿਲੀ ਹੋਵੇ ਜਾਂ ਜਿਹਨਾਂ ਬਾਰੇ ਇਹ ਫੈਸਲਾ ਕੀਤਾ ਗਿਆ ਹੋਵੇ ਕਿ ਉਹ ਡਰੱਗ ਅਤੇ/ਜਾਂ ਸ਼ਰਾਬ ਦੇ ਅਸਰ ਹੇਠ ਸਨ। ਇਸ ਘਟਨਾ ਦੇ ਸੰਬੰਧ ਵਿੱਚ ਉਨ੍ਹਾਂ ਨੂੰ ਵਧੀਆ ਸਮਰਥਨ ਦੇਣ ਲਈ ਵਿਦਿਆਰਥੀਆਂ ਨੂੰ ਪ੍ਰੋਗਰਾਮ ਕੋਲ ਸਸਪੈਨਸ਼ਨ ਦੌਰਾਨ ਭੇਜਿਆ ਜਾਵੇਗਾ। ਪ੍ਰਬੰਧਕ ਵੱਲੋਂ ਸੰਭਾਲ ਕਰਨ ਵਾਲੇ ਨੂੰ ਇਕ ਚਿੱਠੀ ਭੇਜੀ ਜਾਵੇਗੀ ਜਿਸ ਵਿੱਚ ਵਿਦਿਆਰਥੀ ਨੂੰ ਨਸ਼ਿਆਂ ਦੀ ਵਰਤੋਂ ਨਾਲ ਸੰਬੰਧਤ ਪ੍ਰੋਗਰਾਮ ਕੋਲ ਭੇਜੇ ਜਾਣ ਬਾਰੇ ਦੱਸਿਆ ਗਿਆ ਹੋਵੇਗਾ।

ਵਿਦਿਆਰਥੀ ਆਪਣੇ ਸਕੂਲ ਦੇ ਸਟਾਫ ਰਾਹੀਂ ਆਪਣੇ ਆਪ ਵੀ ਪ੍ਰੋਗਰਾਮ ਕੋਲ ਆ ਸਕਦੇ ਹਨ, ਇਸ ਹੀ ਤਰ੍ਹਾਂ ਵਿਦਿਆਰਥੀ ਵੱਲੋਂ ਕੀਤੀ ਜਾਂਦੀ ਨਸ਼ਿਆਂ ਦੀ ਦੁਰਵਰਤੋਂ ਬਾਰੇ ਫਿਕਰਮੰਦ ਸਟਾਫ ਵੀ ਵਿਦਿਆਰਥੀ ਨੂੰ ਨਸ਼ਿਆਂ ਦੀ ਵਰਤੋਂ ਨਾਲ ਸੰਬੰਧਤ ਸੰਪਰਕ ਦੇ ਪ੍ਰੋਗਰਾਮ ਕੋਲ ਜਾਣ ਦਾ ਮੌਕਾ ਦੇ ਸਕਦਾ ਹੈ। ਇਹ ਤਿੰਨ ਮੀਟਿੰਗਾਂ ਦੀ ਸ਼ਰਤ ਤੋਂ ਬਾਹਰੀ ਵਾਲੰਟੀਅਰ ਸੇਵਾ ਹੈ।

## ਲਗਾਤਾਰ ਸੰਭਾਲ

ਕੇਸ ਬਾਰੇ ਵਿਸਤ੍ਰਿਤ ਪ੍ਰਬੰਧ ਕਰਨ ਲਈ ਨਸ਼ਿਆਂ ਦੀ ਵਰਤੋਂ ਨਾਲ ਸੰਬੰਧਤ ਸੰਪਰਕ ਦਾ ਪ੍ਰੋਗਰਾਮ ਸਕੂਲ ਅਤੇ ਕਮਿਊਨਿਟੀ ਵਿਚਲੀਆਂ ਟੀਮਾਂ ਨਾਲ ਮਿਲ ਕੇ ਕੰਮ ਕਰਦਾ ਹੈ।

ਫਾਈਲ ਬੰਦ ਕਰਨ ਸਮੇਂ, ਵਿਦਿਆਰਥੀ ਨੂੰ ਪ੍ਰੋਗਰਾਮ ਕੋਲ ਭੇਜਣ ਵਾਲੀ ਧਿਰ ਨੂੰ ਇਕ ਸੰਖੇਪ ਰਿਪੋਰਟ ਭੇਜੀ ਜਾਵੇਗੀ, ਜਿਸ ਵਿੱਚ ਵਿਦਿਆਰਥੀ ਦੀ ਹਾਜ਼ਰੀ, ਸ਼ਮੂਲੀਅਤ ਅਤੇ ਕਿਸੇ ਵੀ ਅਜਿਹੀ ਬਾਹਰਲੀ ਏਜੰਸੀ ਬਾਰੇ ਦੱਸਿਆ ਜਾਵੇਗਾ, ਜਿਸ ਕੋਲ ਵਿਦਿਆਰਥੀ ਨੂੰ ਭੇਜਿਆ ਗਿਆ ਹੋਵੇ।

## ਵਿਦਿਆਰਥੀਆਂ ਦੀ ਸਹਾਇਤਾ

ਜੇ ਕੋਈ ਵਿਦਿਆਰਥੀ ਉਸ ਪੜਾਅ ’ਤੇ ਨਾ ਹੋਵੇ ਜਿੱਥੇ ਉਹ ਆਪਣੀ ਵਰਤੋਂ ਵਿੱਚ ਤਬਦੀਲੀ ਕਰਨਾ ਚਾਹੁੰਦਾ ਹੋਵੇ ਅਤੇ ਉਸ ਨੂੰ ਕਿਸੇ ਬਾਹਰਲੀ ਸੰਸਥਾ ਕੋਲ ਭੇਜਣਾ ਠੀਕ ਨਾ ਹੋਵੇ, ਉਹ ਨਸ਼ਿਆਂ ਦੀ ਵਰਤੋਂ ਨਾਲ ਸੰਬੰਧਤ ਪ੍ਰੋਗਰਾਮ ਕੋਲ ਲਗਾਤਾਰ ਸਹਾਇਤਾ ਲਈ ਜਾਂ ਪ੍ਰੋਗਰਾਮ ਕੋਲ ਬਾਅਦ ਦੀ ਤਰੀਕ ਵਿੱਚ ਭੇਜੇ ਜਾਣ ਲਈ ਬੇਨਤੀ ਕਰ ਸਕਦਾ ਹੈ। ਇਸ ਗੱਲ ਨੂੰ ਮੰਨਦੇ ਹੋਏ ਕਿ ਵਿਦਿਆਰਥੀ ਅਰਥ ਭਰਪੂਰ ਤਬਦੀਲੀ ਲਈ ਆਪਣੀਆਂ ਕੋਸ਼ਿਸ਼ਾਂ ਵਿੱਚ ਵੱਖ ਵੱਖ ਪੜਾਵਾਂ ’ਤੇ ਹਨ, ਨਸ਼ਿਆਂ ਦੀ ਵਰਤੋਂ ਨਾਲ ਸੰਬੰਧਤ ਸੰਪਰਕ ਦਾ ਪ੍ਰੋਗਰਾਮ ਉਨ੍ਹਾਂ ਵਿਦਿਆਰਥੀਆਂ ਨਾਲ ਕੰਮ ਕਰਨ ਲਈ ਵਚਨਬੱਧ ਰਹਿਣ ਲਈ ਉਪਲਬਧ ਹੈ ਜਿਹੜੇ ਵਿਦਿਆਰਥੀ ਕਮਿਊਨਿਟੀ ਵਿਚਲੇ ਵਸੀਲੇ ਦੀ ਦਖਲਅੰਦਾਜ਼ੀ ਦਾ ਵਿਰੋਧ ਕਰਦੇ ਹੋਣ।

## ਸੰਭਾਲ ਕਰਨ ਵਾਲਿਆਂ ਦੀ ਸਹਾਇਤਾ

ਜਦੋਂ ਸੰਭਾਲ ਕਰਨ ਵਾਲੇ ਆਪਣੇ ਵਿਦਿਆਰਥੀ ਦੀ ਨਸ਼ਿਆਂ ਦੀ ਵਰਤੋਂ ਨੂੰ ਚੰਗੀ ਤਰ੍ਹਾਂ ਸਮਝਣ ਲਈ ਕੰਮ ਕਰ ਰਹੇ ਹੋਣ, ਟੀਮ ਮੈਂਬਰ ਉਨ੍ਹਾਂ ਦੀ ਵਸੀਲਿਆਂ ਨਾਲ ਮਦਦ ਕਰਨ ਲਈ ਮੌਜੂਦ ਹਨ। ਪਰ ਨਸ਼ਿਆਂ ਦੀ ਵਰਤੋਂ ਕਰਨ ਵਾਲਿਆਂ ਨਾਲ ਸੰਪਰਕ ਦਾ ਪ੍ਰੋਗਰਾਮ ਸੰਭਾਲ ਕਰਨ ਵਾਲਿਆਂ ਨਾਲ ਤਾਂ ਹੀ ਸੰਪਰਕ ਕਰੇਗਾ ਜੇ ਵਿਦਿਆਰਥੀ ਸਹਿਮਤੀ ਦੇਣ, ਮਾਪੇ ਸਹਾਇਤਾ ਲਈ ਬੇਨਤੀ ਕਰਨ ਅਤੇ/ਜਾਂ ਵਿਦਿਆਰਥੀ ਦੀ ਸੁਰੱਖਿਆ ਜਾਂ ਭਲਾਈ ਬਾਰੇ ਕੋਈ ਫਿਕਰ ਹੋਵੇ।

## ਕਮਿਊਨਿਟੀ ਦੀ ਸਹਾਇਤਾ

ਨਸ਼ਿਆਂ ਦੀ ਵਰਤੋਂ ਕਰਨ ਵਾਲਿਆਂ ਨਾਲ ਸੰਪਰਕ ਦਾ ਪ੍ਰੋਗਰਾਮ ਨਸ਼ਿਆਂ ਦੀ ਵਰਤੋਂ ਨਾਲ ਸੰਬੰਧਤ ਵਿਸ਼ਿਆਂ ਬਾਰੇ ਜਨਤਕ ਸਮਾਰੋਹਾਂ ਵਿੱਚ ਸ਼ਾਮਲ ਹੋ ਕੇ ਜਾਂ ਇਨ੍ਹਾਂ ਸਮਾਰੋਹਾਂ ਦਾ ਪ੍ਰਬੰਧ ਕਰਕੇ ਕਮਿਊਨਿਟੀ ਨਾਲ ਸਾਂਝੇ ਤੌਰ ’ਤੇ ਕੰਮ ਕਰਦਾ ਹੈ। ਇਸ ਦੇ ਨਾਲ ਹੀ ਸਕੂਲ ਵਿੱਚ ਸੁਰੱਖਿਅਤ ਅਤੇ ਦੇਖਭਾਲ ਕਰਨ ਵਾਲੇ ਮਾਹੌਲ ਦਾ ਸਮਰਥਨ ਕਰਨ ਲਈ ਟੀਮਾਂ ਸਰੀ ਆਰ ਸੀ ਐੱਮ ਪੀ, ਸਿਟੀ ਆਫ ਸਰੀ ਅਤੇ ਫਰੇਜ਼ਰ ਹੈਲਥ ਨਾਲ ਮਿਲ ਕੇ ਕੰਮ ਕਰਦੀਆਂ ਹਨ।

## ਵਿਦਿਅਕ ਸਹਾਇਤਾ

ਗ੍ਰੇਡ 6-8 ਦੀਆਂ ਜਮਾਤਾਂ ਲਈ ਨਸ਼ਿਆਂ ਦੀ ਵਰਤੋਂ *ਬਾਰੇ ਗੱਲਬਾਤ ਕਰਨ ਲਈ ਮੰਡਲੀਆਂ* ਉਪਲਬਧ ਹਨ। ਇਨ੍ਹਾਂ ਦਾ ਮਕਸਦ ਵਿਦਿਆਰਥੀਆਂ ਨੂੰ ਡਰੱਗਾਂ ਅਤੇ ਸ਼ਰਾਬ ਬਾਰੇ ਅਸਲੀ ਗੱਲਬਾਤ ਕਰਨ ਲਈ ਮੌਕਾ ਪ੍ਰਦਾਨ ਕਰਨ ਦੇ ਨਾਲ ਨਾਲ ਵਿਦਿਆਰਥੀਆਂ ਵਿੱਚ ਨਸ਼ਿਆਂ ਦਾ ਵਿਰੋਧ ਕਰਨ ਲਈ ਮੁੱਢਲੀਆਂ ਜਾਚਾਂ ਉਤਸ਼ਾਹਿਤ ਕਰਨਾ, ਸਵੈ-ਮੁੱਲਾਂਕਣ ਲਈ ਸਾਧਨ ਪ੍ਰਦਾਨ ਕਰਨਾ ਅਤੇ ਵਸੀਲਿਆਂ ਤੱਕ ਪਹੁੰਚ ਪ੍ਰਦਾਨ ਕਰਨਾ ਹੈ।

## ਪੇਸ਼ਾਵਰ ਵਿਕਾਸ

ਪ੍ਰੋਗਰਾਮ ਨਸ਼ਿਆਂ ਦੀ ਵਰਤੋਂ ਬਾਰੇ ਟੀਚਰਾਂ, ਕਾਊਂਸਲਰਾਂ, ਸਹਾਇਕ ਸਟਾਫ ਅਤੇ ਪ੍ਰਬੰਧਕਾਂ ਲਈ ਪੇਸ਼ਾਵਰ ਵਿਕਾਸ ਦੇ ਮੌਕਿਆਂ ਦਾ ਪ੍ਰਬੰਧ ਕਰ ਸਕਦਾ ਹੈ।